ਅਥ ਚੰਡੀ ਚਰਿਤ੍ਰ ਉਸਤਤਿ ਬਰਨਨੰ ॥

ਭੁਜੰਗ ਪ੍ਰਯਾਤ ਛੰਦ ॥

ਭਰੇ ਜੋਗਨੀ ਪਤ੍ਰ ਚਉਸਠ ਚਾਰੰ ॥ ਚਲੀ ਠਾਮ ਠਾਮੰ ਡਕਾਰੰ ਡਕਾਰੰ ॥ ਭਰੇ ਨੇਹ ਗੇਹੰ ਗਏ ਕੰਕ ਬੰਕੰ ॥ ਰੁਲੇ ਸੂਰਬੀਰੰ ਅਹਾੜ੍ਹੰ ਨਿਸੰਕੰ ॥੧॥ ੨੫੭॥

Edit with WPS Office

ਚਲੇ ਨਾਰਦਊ ਹਾਥ ਬੀਨਾ
ਸੁਹਾਏ ॥ ਬਨੇ ਬਾਰਦੀ ਡੰਕ
ਡਉਰੂ ਬਜਾਏ ॥ ਗਿਰੇ ਬਾਜ
ਗਾਜੀ ਗਜੀ ਬੀਰ ਖੇਤੰ ॥ ਰੁਲੇ
ਤੱਛ ਮੁੱਛੰ ਨਚੇ ਭੂਤ ਪ੍ਰੇਤੰ ॥੨॥
੨੫੮॥

ਨਚੇ ਬੀਰ ਬੈਤਾਲ ਅੱਧੰ ਕਮੱਧੰ ॥
ਬਧੇ ਬੱਧ ਗੋਪਾ ਗੁਲਿਤ੍ਰਾਣ ਬੱਧੰ

Edit with WPS Office

॥ ਭਏ ਸਾਧੁ ਸੰਬ੍ਹੂਹ ਭੀਤੰ
ਅਭੀਤੇ ॥ ਨਮੋ ਲੋਕ ਮਾਤਾ ਭਲੇ
ਸਤ੍ਰ ਜੀਤੇ ॥੩॥ ੨੫੯॥

ਪੜ੍ਹੇ ਮੂੜ੍ਹ ਯਾ ਕੋ ਧਨੰ ਧਾਮ
ਬਾਢੇ ॥ ਸੁਨੈ ਸੂਮ ਸੋਢੀ ਲਰੈ
ਜੁੱਧ ਗਾਢੇ ॥ ਜਗੈ ਰੈਣਿ ਜੋਗੀ
ਜਪੈ ਜਾਪ ਯਾਕੋ ॥ ਧਰੈ ਪਰਮ
ਜੋਗੰ ਲਹੈ ਸਿੱਧਤਾ ਕੋ ॥੪॥

Edit with WPS Office

੨੬੦॥

ਪੜ੍ਹੈ ਯਾਹਿ ਬਿਦਯਾਰਥੀ ਬਿਦਯਾ ਹੇਤੰ ॥ ਲਹੈ ਸਰਬ ਸਾਸਤ੍ਰਾਨ ਕੋ ਮੱਦ ਚੇਤੰ ॥ ਜਪੈ ਜੋਗ ਸੰਨਯਾਸ ਬੈਰਾਗ ਕੋਈ ॥ ਤਿਸੈ ਸਰਬ ਪੁੰਨਯਾਨ ਕੋ ਪੁੰਨਿ ਹੋਈ ॥੫॥ ੨੬੧॥

ਦੋਹਰਾ ॥

Edit with WPS Office

ਜੇ ਜੇ ਤੁਮਰੇ ਧਿਆਨ ਕੋ ਨਿਤ ਉਠ ਧਿਐਂਹੈਂ ਸੰਤ ॥ ਅੰਤ ਲਹੈਂਗੇ ਮੁਕਤ ਫਲੁ ਪਾਵਹਿਂਗੇ ਭਗਵੰਤ ॥੬॥ ੨੬੨॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡੀ ਚਰਿਤ੍ਰ ਉਸਤਤਿ ਬਰਨਨੰ ਨਾਮ ਅਸਟਮੋ ਧਿਆਇ ਸੰਪੂਰਣ ਮਸਤੁ ਸੁਭ ਮਸਤੁ ॥੮॥

Edit with WPS Office

ਅਫਜੁ ॥

Edit with WPS Office